بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.01.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਰਜ਼ੀ ਅਲੱਾਹ ਅਨਹੁ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਮਨ ਭਾਉਂਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਜਨਵਰੀ 2020 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੌਡਰਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਹੜੇ ਸਹਾਬੀ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਹੈ । ਹਜ਼ਰਤ ਅਬਦੁਲੱਾਹ ਦੇ ਪਿਤਾ ਦਾ ਨਾਂ ਰਵਾਹਾ ਬਿਨ ਸਾਲਬਾ ਸੀ ਅਤੇ ਇਹਨਾ ਦੀ ਮਾਤਾ ਦਾ ਨਾਂ ਕਬਸ਼ਾ ਬਿੰਤ ਵਾਕਦ ਬਿਨ ਉਮਰੋ ਸੀ ਜੋ ਕਬੀਲਾ ਅੰਸਾਰ ਦੇ ਖ਼ਜ਼ਰਜ ਪਰਿਵਾਰ ਦੇ ਬਨੂ ਹਾਰਸ ਬਿਨ ਖ਼ਜ਼ਰਜ ਵਿੱਚੋਂ ਸਨ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਬੈਅਤ ਉਕਬਾ ਵਿੱਚ ਸ਼ਾਮਲ ਸਨ ਅਤੇ ਬਨੂ ਹਾਰਸ ਬਿਨ ਖ਼ਜ਼ਰਜ ਦੇ ਸਰਦਾਰ ਸਨ । ਇਹਨਾ ਦੀ ਗੋਤ ਅਬੂ ਮੁਹਮੱਦ ਸੀ । ਕਈਆਂ ਨੇ ਅਬੂ ਰਵਾਹਾ ਤੇ ਅਬੂ ਉਮਰੋ ਵੀ ਵਰਨਣ ਕੀਤੀ ਹੈ । ਅੰਸਾਰ ਦੇ ਇਕ ਵਿਕਅਤੀ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਅਤੇ ਹਜ਼ਰਤ ਮਿਕਦਾਦ ਵਿੱਚ ਭਾਈਬੰਦੀ ਕਰਾਈ ਸੀ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਬੈਅਤ ਉਕਬਾ ਵਿੱਚ ਸ਼ਾਮਲ ਸਨ ਅਤੇ ਬਨੂ ਹਾਰਸ ਬਿਨ ਖ਼ਜ਼ਰਜ ਨੇ ਸਰਦਾਰ ਸਨ । ਇਬਨੇ ਸਅਦ ਅਨੁਸਾਰ ਆਪ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕਾਤਬ ਵੀ ਸਨ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਨਾਲ ਸ਼ਾਮਲ ਰਹੇ । ਆਪ ਮੌਤਾ ਦੀ ਜੰਗ ਵਿੱਚ ਸ਼ਹੀਦ ਹੋਏ । ਮੌਤਾ ਦੀ ਜੰਗ ਦੇ ਸਰਦਾਰਾਂ ਵਿੱਚੋਂ ਇਕ ਆਪ ਵੀ ਸਰਦਾਰ ਸਨ ।

ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ । ਆਪ ਸਲਲੱਾਹੁ ਅਲੈਹਿ ਵਸਲਮ ਉਸ ਸਮੇਂ ਖ਼ੁਤਬਾ (ਭਾਸ਼ਣ) ਦੇ ਰਹੇ ਸਨ, ਇਸੇ ਵਿਚਕਾਰ ਆਪ ਨੇ ਫ਼ਰਮਾਇਆ ਬੈਠ ਜਾਓ । ਇਹ ਸੁਣਦਿਆਂ ਹੀ ਆਪ ਮਸਜਿਦ ਦੇ ਬਾਹਰ ਜਿਸ ਥਾਂ ਖੜੇ ਸਨ

ਉੱਥੇ ਹੀ ਬੈਠ ਗਏ । ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਖ਼ੁਤਬੇ ਤੋਂ ਵਿਹਲੇ ਹੋਏ ਅਤੇ ਇਹ ਖ਼ਬਰ ਆਪਨੂੰ ਪਹੁੰਚੀ ਤਾਂ ਆਪ ਨੇ ਇਹਨਾ ਨੂੰ ਫ਼ਰਮਾਇਆ زادك الله حرصا على طواعة الله وطواعة رسوله ਕਿ ਰੱਬ ਦੀ ਅਗਿਆਕਾਰੀ ਅਤੇ ਉਸਦੇ ਰਸੂਲ ਦੀ ਆਗਿਆਕਾਰੀ ਦੀ ਇਛੱਾ ਵਿੱਚ ਰੱਬ ਤੁਹਾਨੂੰ ਹੋਰ ਵਧਾਏ । ਇਸੇ ਪ੍ਰਕਾਰ ਦੀ ਘਟਨਾ ਦਾ ਵਰਨਣ ਹਦੀਸਾਂ ਵਿੱਚ ਹਜ਼ਰਤ ਅਬਦੁਲੱਾਹ ਬਿਨ ਮਸਊਦ ਬਾਰੇ ਵੀ ਮਿਲਦਾ ਹੈ ।

ਹਜ਼ਰਤ ਅਬਦੁਲੱਾਹ ਬਿਨ ਰਵਾਹਾ ਜਿਹਾਦ ਵਿੱਚ ਸਭ ਤੋਂ ਪਹਿਲਾਂ ਘਰੋਂ ਨਿਕਲਦੇ ਅਤੇ ਸਰਿਆਂ ਤੋਂ ਪਿੱਛੋਂ ਵਾਪਸ ਪਰਤਦੇ ਸਨ । ਹਜ਼ਰਤ ਅਬੂ ਦਰਦਾਅ ਫ਼ਰਮਾਉਂਦੇ ਹਨ ਕਿ ਮੈਂ ਉਸ ਦਿਨ ਤੋਂ ਰੱਬ ਦੀ ਪਨਾਹ ਮੰਗਦਾ ਹਾਂ ਜਿਸ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦਾ ਜ਼ਿਕਰ ਨ ਕਰਾਂ, ਜੱਦ ਉਹ ਸਾਹਮਣਿਓਂ ਆਉਂਦਿਆਂ ਹੋਇਆਂ ਮੈਨੂੰ ਮਿਲਦੇ ਤਾਂ ਮੇਰੀ ਹਿੱਕ'ਤੇ ਹੱਥ ਰਖੱਦੇ ਅਤੇ ਹਜ਼ਰਤ ਅਬੂਦਰਦਾ ਕਹਿੰਦੇ ਹਨ ਕਿ ਜੱਦ ਉਹ ਜਾਂਦਿਆਂ ਹੋਇਆਂ ਮੈਂਨੂੰ ਮਿਲਦੇ ਤਾਂ ਮੇਰੇ ਮੋਢਿਆਂ ਵਿੱਚਕਾਰ ਹੱਥ ਰਖੱਦੇ ਅਤੇ ਮੈਂਨੂੰ ਕਹਿੰਦੇ ਕਿ ياعويمر اجلس فلنؤمن ساعة ਕਿ ਹੇ, ਅਵੀਮਰ ਬੈਠੋ ਥੋੜ੍ਹੀ ਦੇਰ ਇਮਾਨ ਤਾਜ਼ਾ ਕਰੀਏ । ਅਸੀਂ ਬੈਠਦੇ ਅਤੇ ਰੱਬ ਦਾ ਜ਼ਿਕਰ ਕਰਦੇ, ਜਿੰਨ੍ਹੀ ਰੱਬ ਸਮਰਥਾ ਦਿੰਦਾ, ਫਿਰ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਕਹਿੰਦੇ ਕਿ ਹੇ ਅਵੀਮਰ ਇਹ ਇਮਾਨ ਦੀਆਂ ਸਭਾਵਾਂ ਹਨ । ਹਜ਼ਜਰ ਇਮਾਮ ਅਹਮਦ ਦੀ ਕਿਤਾਬ ਅਜ਼ੁੱਹਦ ਵਿੱਚ ਬਿਆਨ ਹੈ ਕਿ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਜੱਦ ਕਿਸੇ ਸਾਥੀ ਨਾਲ ਮਿਲਦੇ ਤਾਂ ਕਹਿੰਦੇ ਅਓ ਘੜੀ ਭਰ ਆਪਣੇ ਰੱਬ ਉਪੱਰ ਇਮਾਨ ਲਿਆਉਣ ਦੀ ਯਾਦ ਤਾਜ਼ਾ ਕਰ ਲਈਏ । ਇਸੇ ਵਿੱਚ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਲੱਾਹ ਤਆਲਾ ਇਬਨੇ ਰਵਾਹਾ ਉਪੱਰ ਰਹਿਮ ਕਰੇ ਉਸਨੂੰ ਅਜਿਹੀਆਂ ਸਭਾਵਾਂ ਨਾਲ ਪ੍ਰੇਮ ਹੈ ਜਿਸ'ਤੇ ਫ਼ਰਿਸ਼ਤੇ ਮਾਣ ਕਰਦੇ ਹਨ ।

ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ نعم الرجل عبدالله ابن رواحة۔ ਕਿ ਹਜ਼ਰਤ ਅਦੁਲੱਾਹ ਬਿਨ ਰਵਾਹਾ ਕਿੰਨ੍ਹੇ ਹੀ ਚੰਗੇ ਵਿਅਕਤੀ ਹਨ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੂੰ ਖ਼ੈਬਰ ਦੀ ਫ਼ਤਹ ਦੇ ਬਾਦ ਫ਼ਲਾਂ ਤੇ ਫ਼ਸਲ ਆਦਿ ਦਾ ਅਨੁਮਾਨ ਲਾਉਣ ਲਈ ਆਪ ਸਲਲੱਾਹੁ ਅਲੈਹਿ ਵਸਲਮ ਨੇ ਭੇਜਿਆ ਸੀ । ਇਕ ਵਾਰ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਐਨ੍ਹੇ ਬਿਮਾਰ ਹੋਏ ਕਿ ਬੇਹੋਸ਼ (ਮੂਰਛਿਤ) ਹੋ ਗਏ, ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਉਹਨਾ ਦਾ ਹਾਲ ਪੁਛੱਣ ਲਈ ਆਏ । ਫ਼ਰਮਾਇਆ ਹੇ ਅਲੱਾਹ ! ਜੇਕਰ ਇਸ ਦੀ ਘੜੀ ਮੁਕਦੱਰ ਹੈ ਤਾਂ ਇਸ ਲਈ ਸੌਖੀ ਕਰਦੇ ਅਤੇ ਜੇਕਰ ਇਸ ਦਾ ਨਿਸ਼ਚਿਤ ਸਮਾਂ ਨਹੀਂ ਆਇਆ ਤਾਂ ਇਸਨੂੰ ਸ਼ਿਫ਼ਾ (ਸਵਾਸਥ) ਪ੍ਰਦਾਨ ਕਰ । ਇਸ ਦੁਆ ਦੇ ਬਾਦ ਹਜ਼ਰਤ ਅਬਦੁਲੱਾਹ ਨੇ ਬੁਖ਼ਾਰ ਵਿੱਚ ਕੁਝ ਕਮੀ ਅਨੁਭਵ ਕੀਤੀ ਤਾਂ ਉਹਨਾ ਨੇ ਕਿਹਾ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ! ਮੇਰੀ ਮਾਂ ਕਹਿ ਰਹੀ ਸੀ ਕਿ ਹਾਏ ਮੇਰਾ ਪਹਾੜ ਹਾਏ ਮੇਰਾ ਸਹਾਰਾ ਜੱਦ ਮੈਂ ਬਿਮਾਰ ਸੀ ਤਾਂ ਮੈਂ ਦੇਖਿਆ ਕਿ ਇਕ ਫ਼ਰਿਸ਼ਤਾ ਲੋਹੇ ਦਾ ਇਕ ਗੁਰਜ ਚੁੱਕੀ ਖੜਾ ਇਹ ਕਹਿ ਰਿਹਾ ਸੀ ਕਿ ਕੀ ਤੁਸੀਂ ਵਾਸਤਵ ਵਿੱਚ ਅਜਿਹੇ ਹੀ ਹੋ । ਜੇਕਰ ਮੈਂ ਕਹਿੰਦਾ ਕਿ ਹਾਂ ਮੈਂ ਅਜਿਹਾ ਹੀ ਹਾਂ ਤਾਂ ਉਹ ਜ਼ਰੂਰ ਮੈਂਨੂੰ ਗੁਰਜ ਮਾਰ ਦਿੰਦਾ ।

ਆਪ ਕਵੀ ਵੀ ਸਨ ਅਤੇ ਉਹਨਾ ਕਵੀਆਂ ਵਿੱਚੋਂ ਸਨ ਜੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਵੱਲੋਂ ਵਿਰੋਧੀ ਬੇਹੂਦਾ ਗਵੀਆਂ ਦਾ ਉਤੱਰ ਦਿੰਦੇ ਸਨ । ਇਕ ਮੌਕੇ'ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੇ ਸ਼ੇਅਰ ਸੁਣਕੇ ਫ਼ਰਮਾਇਆ ਕਿ ਹੇ ਇਬਨੇ ਰਵਾਹਾ, ਰੱਬ ਤੁਹਾਨੂੰ ਦ੍ਰਿੜ੍ਹਪੈਰ੍ਹੀਂ ਰੱਖੇ । ਹਸ਼ੱਾਮ ਬਿਨ ਉਰਵਹ ਨੇ ਕਿਹਾ ਹੈ ਅਲੱਾਹ ਨੇ ਇਸ ਦੁਆ ਦੀ ਬਰਕਤ ਨਾਲ ਬਹੁਤ ਪੱਕਿਆਂ ਰੱਖਿਆ ਇੱਥੋਂ ਤੱਕ ਕਿ ਆਪ ਸ਼ਹੀਦ ਹੋਏ ਅਤੇ ਇਹਨਾ

ਲਈ ਸਵਰਗ ਦੇ ਦਰ ਖੋਲ ਦਿੱਤੇ ਗਏ । ਇਬਨੇ ਸਅਦ ਦੀ ਰਿਵਾਇਤ ਹੈ ਕਿ ਜੱਦ ਇਹ ਆਇਤ ਨਾਜ਼ਲ ਹੋਈ ਕਿ والشعراءيتبعهم الغاوٗن ਅਤੇ ਸ਼ਾਇਰ ਰਹੇ ਤਾਂ ਭਟੱਕੇ ਹੋਏ ਹੀ ਇਹਨਾ ਦੀ ਪੈਰ੍ਹਵੀ ਕਰਦੇ ਹਨ । ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਕਹਿਣ ਲੱਗੇ ਕਿ ਰੱਬ ਚੰਗੀ ਤਰ੍ਹਾ ਜਾਣਦਾ ਹੈ ਕਿ ਮੈਂ ਉਹਨਾ ਵਿੱਚੋਂ ਹਾਂ ਜਿੰਨ੍ਹਾ ਬਾਰੇ ਰੱਬ ਨੇ ਇਹ ਆਇਤ ਨਾਜ਼ਲ ਕੀਤੀ ਹੈ ਕਿ إِلَّا الَّذِينَ آمَنُوا وَعَمِلُوا الصَّالِحَاتِ ਸਿਵਾਏ ਉਹਨਾ ਦੇ ਜੋ ਇਹਨਾ ਵਿੱਚੋਂ ਇਮਾਨ ਲਿਆਏ ਅਤੇ ਨੇਕ ਅਮਲ ਕੀਤੇ । 'ਮੁਜਿਮੁਲ ਸ਼ੁਅਰਾ' (ਕਾਵਿਪੁਸਤਕ) ਦੇ ਲੇਖਕ ਲਿਖਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਜਹਾਲਤ ਦੇ ਜੁੱਗ ਵਿੱਚ ਵੀ ਬਹੁਤ ਸਨਮਾਨ ਤੇ ਕਦਰ ਕੀਮਤ ਰਖੱਦੇ ਸਨ ਅਤੇ ਇਸਲਾਮ ਲਿਆਉਣ ਦੇ ਜੁੱਗ ਵਿੱਚ ਵੀ ਇਹਨਾ ਨੂੰ ਬਹੁਤ ਬੁਲੰਦ ਮੁਕਾਮ ਤੇ ਮਰਤਬਾ ਪ੍ਰਾਪਤ ਸੀ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਸ਼ਾਨ ਵਿੱਚ ਇਕ ਸ਼ੇਅਰ ਹਜ਼ਰਤ ਅਬਦੁਲੱਾਹ ਨੇ ਅਜਿਹਾ ਕਿਹਾ ਹੈ ਕਿ ਉਸਨੂੰ ਆਪ ਦਾ ਵਧੀਆ ਸ਼ੇਅਰ ਕਿਹਾ ਜਾ ਸਕਦਾ ਹੈ । ਉਹ ਸ਼ੇਅਰ ਆਪ ਦੀ ਮਾਨਸਕ ਅਵਸਥਾ ਨੂੰ ਭਲੀਭਾਂਤ ਵਰਨਣ ਕਰਦਾ ਹੈ ਜਿਸ ਵਿੱਚ ਹਜ਼ਰਤ ਅਬਦੁਲੱਾਹ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਹੈ ਜੇਕਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਵੁਜੂਦ ਬਾਰੇ ਖੁੱਲੇ ਖੁੱਲੇ ਨਿਸ਼ਾਨ ਅਤੇ ਪ੍ਰਤਖ ਚਮਤਕਾਰ ਨ ਵੀ ਹੁੰਦੇ ਤਾਂ ਆਪ ਸਲਲੱਾਹੁ ਅਲੈਹਿ ਦਾ ਵੁਜੂਦ ਹੀ ਵਾਸਤਵਿਕ ਜਾਣਕਾਰੀ ਲਈ ਬਹੁਤ ਹੈ ।

ਹਜ਼ਰਤ ਅਬਦੁਲੱਾਹ ਬਿਨ ਰਵਾਹਾ ਜਹਾਲਤ ਦੇ ਜੁੱਗ ਵਿੱਚ ਵੀ ਲਿਖੱਣਾ ਪੜ੍ਹਨਾ ਜਾਣਦੇ ਸਨ ਜੱਦ ਕਿ ਇਸ ਜੁੱਗ ਵਿੱਚ ਅਰਬ ਵਿੱਚ ਕਿਤਾਬਤ ਬਹੁਤ ਘੱਟ ਸੀ । ਬਦਰ ਦੀ ਜੰਗ ਦੇ ਅੰਤ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਹਜ਼ਰਤ ਜ਼ੈਦ ਬਿਨ ਹਾਰਸਾ ਨੂੰ ਮਦੀਨਿ ਵੱਲ ਅਤੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੂੰ ਅਵਾਲੀ ਵੱਲ ਅਰਥਾਤ ਮਦੀਨਿ ਦੇ ਚੜ੍ਹਦੇ ਪਾਸੇ ਜਿੱਤ ਦੀ ਗੂੰਜ ਸੁਨਾਉਣ ਲਈ ਬਦਰ ਦੇ ਰਣਖੇਤਰ ਵਿੱਚੋਂ ਰਵਾਨਾ ਕੀਤਾ । ਹਜ਼ਰਤ ਸਈਦ ਬਿਨ ਜਬੀਰ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮਸਜਿਦ ਹਰਾਮ ਵਿੱਚ ਊਠ ਉਪੱਰ ਬੈਠਿਆਂ ਦਾਖ਼ਲ ਹੋਏ । ਆਪ ਹਿਜਰੇ ਅਸਵਦ ਨੂੰ ਸੋਟੇ ਨਾਲ ਬੋਸਾ ਦੇ ਰਹੇ ਸਨ । ਆਪ ਦੇ ਨਾਲ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਵੀ ਸਨ ਜੋ ਆਪਦੀ ਊਠਣੀ ਦੀ ਨਕੇਲ ਫੜੇ ਹੋਏ ਸਨ ਅਤੇ ਇਹ ਸ਼ੇਅਰ ਪੜ੍ਹ ਰਹੇ ਸਨ । ਜਿਸਦਾ ਅਰਥ ਇਹ ਹੈ ਕਿ ਹੇ ਕੁਫ਼ੱਾਰ ! ਆਪਦੇ ਮਾਰਗ ਸਾਹਮਣਿਓਂ ਹੱਟ ਜਾਓ, ਅਸੀਂ ਆਪ ਸਲਲੱਾਹੁ ਅਲੈਹਿ ਵਸਲਮ ਪਰਤਨ'ਤੇ ਅਜਿਹੀ ਮਾਰ ਮਾਰੀ ਜਿਸਨੇ ਅਮਨ ਦੇ ਮਾਰਗ ਤੋਂ ਦੂਰ ਹਟਾ ਦਿਤੱਾ । ਹਜ਼ਰਤ ਕੈਸ ਬਿਨ ਅਬੂ ਹਾਜ਼ਮ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਨੂੰ ਫ਼ਰਮਾਇਆ ਕਿ ਉਤਰੋ ਸਾਡੇ ਊਠਾਂ ਨੂੰ ਹਰਕਤ ਦਿਓ । ਜਿਸ'ਤੇ ਆਪ ਨੇ ਜੋ ਸ਼ੇਅਰ ਆਖੇ ਉਸ ਦਾ ਅਰਥ ਇਹ ਹੈ ਕਿ ਹੇ ਪਾਲਣਹਾਰ ਜੇਕਰ ਤੂੰ ਨ ਹੁੰਦਾ ਤਾਂ ਅਸੀਂ ਲੋਕ ਸੁਮਾਰਗ ਪ੍ਰਾਪਤ ਨ ਕਰਦੇ, ਨ ਸਦਕਾ ਖ਼ੈਰਾਤ (ਦਾਨ ਪੁੰਨ) ਕਰਦੇ, ਨ ਨਮਾਜ਼ ਪੜ੍ਹਦੇ, ਸਾਡੇ ਉਪੱਰ ਅਮਨ ਤੇ ਸ਼ਾਂਤੀ ਪ੍ਰਦਾਨ ਕਰ ਅਤੇ ਜੱਦ ਅਸੀਂ ਦੁਸ਼ਮਣ ਦਾ ਮੁਕਾਬਲਾ ਕਰੀਏ ਤਾਂ ਸਾਡੇ ਕਦਮ ਪੱਕੇ ਰੱਖ ਕਿਉਂਕਿ ਕੁਫੱਾਰ ਸਾਡੇ ਉਪੱਰ ਹਮਲਾਆਵਰ ਹੋ ਰਹੇ ਹਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਅਲੱਾਹ ! ਇਹਨਾ'ਤੇ ਰਹਿਮਤ ਕਰ । ਇਸ'ਤੇ ਹਜ਼ਰਤ ਉਮਰ ਨੇ ਕਿਹਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਦੁਆ ਨਾਲ ਇਹ ਰਹਮਤ ਵਾਜਬ ਹੋ ਗਈ ।

ਹਜ਼ਰਤ ਅਬਾਦਹ ਬਿਨ ਸਾਮਤ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦਾ ਹਾਲ ਪੁਛੱਣ ਲਈ ਆਏ ਤਾਂ ਆਪ ਲਈ ਆਪਣੇ ਬਿਸਤਰ ਤੋਂ ਨ ਉਠ ਸਕੇ । ਆਪਨੇ

ਫ਼ਰਮਾਇਆ ਕਿ ਤੁਸੀਂ ਜਾਣਦੇ ਹੋ ਕਿ ਮੇਰੀ ਉਮੱਤ ਦੇ ਸ਼ਹੀਦ ਕੌਣ ਹਨ । ਲੋਕਾਂ ਨੇ ਅਰਜ਼ ਕੀਤੀ ਕਿ ਮੁਸਲਮਾਨ ਦਾ ਕਤਲ ਹੋਣਾ ਸ਼ਹੀਦੀ ਹੈ, ਫ਼ਰਮਾਰਇਆ ਫਿਰ ਤਾਂ ਮੇਰੀ ਉਮੱਤ ਦੇ ਸ਼ਹੀਦ ਬਹੁਤ ਘੱਟ ਹਨ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਨੇ ਫ਼ਰਮਾਇਆ । ਮੁਸਲਮਾਨ ਦੀ ਸ਼ਹੀਦੀ, ਫ਼ਰਮਾਇਆ ਕਿ ਮੁਸਲਮਾਨ ਦਾ ਕਤਲ ਹੋਣਾ ਸ਼ਹੀਦੀ ਹੈ ਅਤੇ ਢਿੱਡ ਦੀ ਬਿਮਾਰੀ ਨਾਲ ਫ਼ੌਤ ਹੋਣਾ ਸ਼ਹੀਦੀ ਹੈ ਅਤੇ ਪਾਣੀ ਵਿੱਚ ਡੁਬੱਕੇ ਮਰਨਾ ਸ਼ਹੀਦੀ ਹੈ ਅਤੇ ਜੋ ਇਸਤਰੀ ਜਣੇਪੇ ਸਮੇਂ ਮਰ ਜਾਂਦੀ ਹੈ ਇਹ ਸਾਰੀਆਂ ਸ਼ਹੀਦੀਆਂ ਦੀਆਂ ਕਿਸਮਾਂ ਹਨ ।

ਹਜ਼ਰਤ ਉਰਵਹ ਬਿਨ ਜ਼ੈਦ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੌਤਾ ਦੀ ਜੰਗ ਵਿੱਚ ਹਜ਼ਰਤ ਜ਼ੈਦ ਬਿਨ ਹਾਰਸਾ ਨੂੰ ਲਸ਼ਕਰ ਦਾ ਸਰਦਾਰ ਬਣਾਇਆ ਅਤੇ ਫ਼ਰਮਾਇਆ ਕਿ ਜੇਕਰ ਇਹ ਸ਼ਹੀਦ ਹੋ ਜਾਣ ਤਾਂ ਹਜ਼ਰਤ ਜਾਫ਼ਰ ਬਿਨ ਅਬੂ ਤਾਲਬ ਇਹਨਾ ਦੀ ਥਾਂ'ਤੇ ਹੋਣਗੇ, ਫਿਰ ਹਜ਼ਰਤ ਜਾਫ਼ਰ ਵੀ ਸ਼ਹੀਦ ਹੋ ਜਾਣ ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਸਰਦਾਰ ਬਣਨ ਜੇਕਰ ਅਬਦੁਲੱਾਹ ਵੀ ਸ਼ਹੀਦ ਹੋ ਜਾਣ ਤਾਂ ਮੁਸਲਮਾਨ ਜਿਸ ਨੂੰ ਪਸੰਦ ਕਰਨ ਉਸਨੂੰ ਆਪਣਾ ਸਰਦਾਰ ਬਣਾ ਲੈਂਣ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਉਸ ਸਮੇਂ ਇਹ ਸ਼ੇਅਰ ਪੜ੍ਹੇ : ਰਹਿਮਾਨ ਰੱਬ ਤੋਂ ਬਖ਼ਸ਼ਿਸ਼ ਮੰਗਦਾ ਹਾਂ ਅਤੇ ਤਲਵਾਰਾਂ ਦੇ ਅਜਿਹੇ ਵਾਰ ਕਰਨ ਦੀ ਸਮਰਥਾ ਮੰਗਦਾ ਹਾਂ ਜੋ ਡੂੰਘੇ ਘਾਓ ਕਰਨ ਵਾਲਾ ਤੇ ਤਾਜ਼ਾ ਰਕਤ ਕਢੱਣ ਵਾਲਾ ਹੋਵੇ ਜਿਸ ਵਿੱਚੋਂ ਝੱਗ ਉਠ ਰਹੀ ਹੋਵੇ ਅਤੇ ਨੇਜ਼ੇ ਦਾ ਅਜਿਹਾ ਹਮਲਾ ਜੋ ਪੂਰੀ ਤਿਆਰੀ ਨਾਲ ਰਕਤ ਦਾ ਅਤਿਅੰਤ ਪਿਆਸੇ ਦੇ ਹੱਥੋਂ ਕੀਤਾ ਗਿਆ ਹੋਵੇ ਜੋ ਆਂਦਰਾਂ ਤੇ ਜਿਗਰ ਦੇ ਪਾਰ ਹੋ ਜਾਏ, ਇੱਥੋਂ ਤੱਕ ਕਿ ਜੱਦ ਲੋਕ ਮੇਰੀ ਕਬਰ ਦੇ ਨੇੜਿਓਂ ਲੰਘਣ ਤਾਂ ਆਖਣ ਕਿ ਹੇ, ਜੰਗ ਵਿੱਚ ਭਾਗ ਲੈਂਣ ਵਾਲੇ ਰੱਬ ਤੇਰਾ ਭਲਾ ਕਰੇ ਅਤੇ ਉਸ ਰੱਬ ਨੇ ਭਲਾ ਕਰ ਦਿਤੱਾ ਹੋਵੇ । ਫਿਰ ਅਬਦੁਲੱਾਹ ਬਿਨ ਰਵਾਹਾ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ । ਆਪ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਰਵਾਨਾ ਕੀਤਾ । ਮੌਤਾ ਦੇ ਅਸਥਾਨ'ਤੇ ਤਿੰਨ ਲੱਖ ਰੂਮੀ ਲਸ਼ਕਰ ਨਾਲ ਮੁਸਲਮਾਨਾ ਦਾ ਟਾਕਰਾ ਹੋਇਆ ਜੋ ਕੇਵਲ ਤਿੰਨ ਹਜ਼ਾਰ ਸਨ । ਮੁਸਲਮਾਨ ਕਮਾਂਡਰ ਇਕ ਮਗਰੋਂ ਇਕ ਸ਼ਹੀਦ ਹੁੰਦੇ ਗਏ । ਰੱਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਸ਼ਹੀਦੀ ਖ਼ਬਰ ਦਿੱਤੀ ।

ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜ਼ੈਦ, ਹਜ਼ਰਤ ਜਾਫ਼ਰ ਅਤੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਲੋਕਾਂ ਨੂੰ ਸੁਣਾਈ । ਆਪ ਨੇ ਫ਼ਰਮਾਇਆ ਜ਼ੈਦ ਨੇ ਝੰਡਾ ਲਿਆ ਅਤੇ ਉਹ ਸ਼ਹੀਦ ਹੋਏ ਫ਼ਿਰ ਜਾਫ਼ਰ ਨੇ ਲਿਆ ਅਤੇ ਉਹ ਵੀ ਸ਼ਹੀਦ ਹੋਏ, ਫਿਰ ਅਬਦੁਲੱਾਹ ਬਿਨ ਰਵਾਹਾ ਨੇ ਲਿਆ ਉਹ ਵੀ ਸ਼ਹੀਦ ਹੋਏ ਅਤੇ ਆਪ ਦੀਆਂ ਅਖੱਾਂ ਵਿੱਚੋਂ ਹੰਝੂ ਜਾਰੀ ਸਨ, ਫਰਮਾਇਆ ਫਿਰ ਝੰਡਾ ਰੱਬ ਦੀ ਤਲਵਾਰਾਂ ਵਿੱਚੋਂ ਇਕ ਤਲਵਾਰ ਨੇ ਲਿਆ, ਅਖ਼ੀਰ ਰੱਬ ਨੇ ਉਸ ਰਾਹੀਂ ਜਿੱਤ ਪ੍ਦਾਨ ਕੀਤੀ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਬਿਆਨ ਕਰਦੀ ਹਨ ਕਿ ਜੱਦ ਹਜ਼ਰਤ ਜ਼ੈਦ ਬਿਨ ਹਾਰਸਾ, ਹਜ਼ਰਤ ਜਾਫ਼ਰ ਅਤੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਸ਼ਹੀਦ ਹੋ ਗਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮਸਜਿਦ ਵਿੱਚ ਬੈਠ ਗਏ । ਆਪਦੇ ਚਿਹਰੇ ਤੋਂ ਦੁੱਖ ਤੇ ਚਿੰਤਾ ਦੇ ਚਿੰਨ੍ਹ ਪ੍ਰਕਟ ਹੋ ਰਹੇ ਸਨ ।

ਹਜ਼ਰਤ ਉਰਵਹ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਇਕ ਗਧੇ ਉਪੱਰ ਸਵਾਰ ਹੋਏ ਆਪਨੇ ਆਪਣੇ ਪਿੱਛੇ ਉਸਾਮਾ ਨੂੰ ਬਿਠਾਇਆ ਹੋਇਆ ਸੀ ਆਪ ਹਜ਼ਰਤ ਸਅਦ ਬਿਨ ਇਬਦਾਹ ਦਾ ਹਾਲਚਾਲ ਪੁਛੱਣ ਲਈ ਬਨੂ ਹਾਰਸ ਬਿਨ ਖ਼ਜ਼ਰਜ ਕਬੀਲੇ ਗਏ । ਆਪ ਸਲਲੱਾਹੁ ਅਲੈਹਿ ਵਸਲਮ ਇਕ ਸਭਾ ਦੇ

ਨੇੜਿਓਂ ਲੰਘੇ । ਜਿਸ ਵਿੱਚ ਅਬਦੁਲੱਾਹ ਬਿਨ ਉਬੀ ਵੀ ਸੀ ਅਤੇ ਇਸ ਸਭਾ ਵਿੱਚ ਸਭਾ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਵੀ ਸਨ । ਜੱਦ ਸਭਾ ਵਿੱਚ ਸਵਾਰੀ ਦੀ ਧੂੜ ਪਹੁੰਚੀ ਤਾਂ ਅਬਦੁਲੱਾਹ ਬਿਨ ਅਬੀ ਨੇ ਆਪਣੀ ਨੱਕ ਆਪਣੀ ਚਦੱਰ ਨਾਲ ਢੱਕ ਲਈ ਫਿਰ ਆਖਣ ਲਗੱਾ ਕਿ ਸਾਡੇ'ਤੇ ਧੂੜ ਨ ਉਡਾਓ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਨੂੰ ਅਸੱਲਾਮੁ ਅਲੈਕੁਮ ਕਿਹਾ ਫਿਰ ਠਹਿਰੇ ਅਤੇ ਸਵਾਰੀ ਤੋਂ ਉਤਰੇ ਅਤੇ ਉਹਨਾ ਨੂੰ ਰੱਬ ਵੱਲ ਬੁਲਾਇਆ ਅਤੇ ਉਹਨਾ'ਤੇ ਕੁਰਆਨ ਕਰੀਮ ਪੜ੍ਹਿਆ । ਅਬਦੁਲੱਾਹ ਬਿਨ ਅਬੀ ਕਹਿਣ ਲਗੱਾ ਕਿ ਹੇ, ਬੰਦੇ ਇਹ ਗੱਲ ਚੰਗੀ ਨਹੀਂ, ਜੇਕਰ ਤੁਸੀਂ ਜੋ ਕਹਿੰਦੇ ਹੋ ਉਹ ਸੱਚ ਹੈ ਤਾਂ ਸਾਡੀਆਂ ਸਭਾਵਾਂ ਵਿੱਚ ਆਣਕੇ ਸਾਨੂੰ ਕਸ਼ਟ ਨ ਦਿਓ ਅਤੇ ਆਪਣੇ ਡੇਰੇ ਵੱਲ ਪਰਤ ਜਾਓ ਅਤੇ ਜੋ ਤੁਹਾਡੇ ਕੋਲ ਆਏ ਉਸਨੂੰ ਦੱਸੋ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਝੱਟ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਆਪ ਸਾਡੀਆਂ ਸਭਾਵਾਂ ਵਿੱਚ ਆਇਆ ਕਰਨ, ਅਸੀਂ ਇਹ ਪਸੰਦ ਕਰਦੇ ਹਾਂ । ਹਜ਼ਰਤ ਅਬੂ ਦਰਦਾਅ ਬਿਆਨ ਕਰਦੇ ਹਨ ਕਿ ਇਕ ਵਾਰ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਰਮਜ਼ਾਨ ਦੇ ਮਹੀਨੇ ਵਿੱਚ ਕਰੜੀ ਗਰਮੀ ਵਿੱਚ ਨਿਕਲੇ ਅਤੇ ਸਾਡੇ ਵਿੱਚੋਂ ਕੋਈ ਰੋਜ਼ੇਦਾਰ ਨਹੀਂ ਸੀ ਸਿਵਾਏ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅਤੇ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੇ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਮਸਜਿਦ ਨਬਵੀ ਦੀ ਉਸਾਰੀ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੁਆ ਮੰਗਦਿਆਂ ਹੋਇਆਂ ਨੀਂਹ ਪਥੱਰ ਰੱਖਿਆ ਅਤੇ ਸਹਾਬਾ ਨੇ ਮਿਸਤਰੀਆਂ ਤੇ ਮਜ਼ਦੂਰਾਂ ਦਾ ਕੰਮ ਕੀਤਾ ਜਿਸ ਵਿੱਚ ਕਦੇ ਕਦੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਆਪ ਵੀ ਸ਼ਾਮਲ ਹੁੰਦੇ ਸਨ । ਕਦੇ ਕਦੇ ਸਹਾਬਾ ਕਰਾਮ ਕੰਮ ਕਰਦਿਆਂ ਹੋਇਆਂ ਅਬਦੁਲੱਾਹ ਬਿਨ ਰਵਾਹਾ ਦਾ ਇਹ ਸ਼ੇਅਰ ਪੜ੍ਹਦੇ ਸਨ ਕਿ :

اللھم ان الاجر اجر الآخرۃ　　　فارحم الانصار والمھاجر

ਕਿ ਹੇ, ਸਾਡੇ ਰੱਬ ! ਅਸਲ ਪ੍ਰਤੀਫ਼ਲ ਤਾਂ ਕੇਵਲ ਆਖ਼ਰਤ ਦਾ ਹੈ, ਸੋ, ਤੂੰ ਆਪਣੀ ਮਿਹਰ ਨਾਲ ਅੰਸਾਰ ਤੇ ਮੁਹਾਜਰਾਂ ਉਪੱਰ ਆਪਣੀ ਰਹਮਤ ਪ੍ਰਦਾਨ ਕਰ । ਜੱਦ ਸਹਾਬਾ ਇਹ ਸ਼ੇਅਰ ਪੜ੍ਹਦੇ ਸਨ ਤਾਂ ਕਈ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਵੀ ਉਹਨਾਂ ਦੀ ਆਵਾਜ਼ ਨਾਲ ਅਵਾਜ਼ ਮਿਲਾ ਦਿੰਦੇ ਸਨ ਅਤੇ ਇਸ ਪ੍ਰਕਾਰ ਇਕ ਲੰਮੇ ਸਮੇਂ ਦੀ ਮਿਹਨਤ ਨਾਲ ਇਹ ਮਸਜਿਦ ਸੰਪੂਰਨ ਹੋਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਇਕ ਮਰਹੂਮ ਦਾ ਜ਼ਿਕਰ ਕਰਨਾ ਹੈ, ਇਹ ਹਨ ਸਾਡੇ ਮੁਹਤਰਮ ਡਾਕਟਰ ਲਤੀਫ਼ ਅਹਮਦ ਕੁਰੈਸ਼ੀ ਸਾਹਬ ਜੋ ਮਨਜ਼ੂਰ ਅਹਮਦ ਕੁਰੈਸ਼ੀ ਸਾਹਬ ਪੁਤੱਰ ਸਨ । **19** ਜਨਵਰੀ **2020** ਈ. ਨੂੰ ਦੁਪਹਿਰ ਵਜੇ ਦੇ ਨੇੜੇ ਆਪਣੇ ਘਰ ਵਿੱਚ ਲਗਭਗ **80** ਸਾਲ ਦੀ ਉਮਰ ਵਿੱਚ ਇਲਾਹੀ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ ਹਨ । اناللہ وانا الیہ راجعون۔ । **1937** ਈ. ਵਿੱਚ ਇਹਨਾ ਦੇ ਪਿਤਾ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਹੱਥ'ਤੇ ਬੈਅਤ ਕੀਤੀ ਸੀ । ਇਹਨਾ ਦੀ ਮਾਤਾ ਮੁਕਰੱਮਾ ਮਨਸੂਰਾ ਬੁਸ਼ਰਾ ਸਾਹਿਬਾ ਅਜੇ ਜੀਉਂਦੇ ਹਨ । **1968** ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਨੇ ਡਾਕਟਰ ਸਾਹਬ ਨੂੰ ਫ਼ਰਮਾਇਆ ਕਿ ਆਪ ਸਾਡੇ ਕੋਲ ਕਦੋਂ ਆ ਰਹੇ ਹਨ ਤਾਂ ਡਾਕਟਣ ਸਾਹਬ ਨੇ ਫ਼ਰਮਾਇਆ ਜੱਦ ਆਪ ਹੁਕੁਮ ਕਰਨ । ਸੋ, ਆਪ ਨੇ ਕਿਹਾ ਆ ਜਾਓ ਅਤੇ ਆਪ ਇੰਗਲਿਸਤਾਨ ਛਡੱਕੇ ਰਬਵਾਹ ਆ ਗਏ ਅਤੇ ਫ਼ਜ਼ਲੇ ਉਮਰ ਹਸਪਤਾਲ ਰਬਵਾਹ ਵਿੱਚ ਆਪਦੀ ਨਿਯੁਕਤੀ ਹੋਈ ਅਤੇ ਫਿਰ ਲੰਮਾ ਸਮਾਂ ਉੱਥੇ ਕੰਮ ਕਰਦੇ ਰਹੇ । **11** ਜੁਲਾਈ **1983** ਈ. ਵਿੱਚ ਬਤੌਰ ਚੀਫ਼ ਮੈਡੀਕਲ ਅਫ਼ਸਰ ਫ਼ਜ਼ਲੇ ਉਮਰ ਹਸਪਤਾਲ ਰਬਵਾਹ ਨਿਯੁਕਤ ਹੋਏ ।

ਫ਼ਜ਼ਲੇ ਉਮਰ ਹਸਪਤਾਲ ਵਿੱਚ ਇਹਨਾ ਦੀਆਂ ਸੇਵਾਵਾਂ ਦਾ ਸਮਾਂ ਲਗਭਗ 30 ਸਾਲ'ਤੇ ਫੈਲਿਆ ਹੋਇਆ ਹੈ । ਇਹਨਾ ਦੀ ਪਤਨੀ ਵੀ ਕੁਝ ਦਿਨ ਪਹਿਲਾਂ ਫ਼ੌਤ ਹੋਈ ਸਨ ਅਤੇ ਇਹਨਾ ਦਾ ਜ਼ਿਕਰ ਮੈਂ ਕੀਤਾ ਸੀ ਅਤੇ ਅਗਲੇ ਦੋ ਦਿਨਾਂ ਬਾਦ ਇਹਨਾ ਦੀ ਵੀ ਵਫ਼ਾਤ ਹੋ ਗਈ । ਇਹਨਾ ਦੇ ਬੇਟੇ ਡਾਕਟਰ ਅਤਾਉਲ ਮਾਲਕ ਕਹਿੰਦੇ ਹਨ ਕਿ :

ਜੱਦ ਤੋਂ ਮੈਂ ਹੋਸ਼ ਸੰਭਾਲਿਆ ਹੈ ਪਿਤਾ ਜੀ ਨੇ ਕਦੇ ਤਹਜੁੱਦ ਦੀ ਨਮਾਜ਼ ਨਹੀਂ ਤਿਆਗੀ, ਇਸੇ ਪ੍ਰਕਰ ਸਾਡੀ ਮਾਂ ਜੀ ਦਸੱਦੀ ਸਨ ਕਿ ਵਿਆਹ ਦੇ ਪਹਿਲੇ ਦਿਨ ਤੋਂ ਤਹਜੁੱਦ ਦੀ ਨਮਾਜ ਦੀ ਬਕਾਇਦਗੀ ਨਾਲ ਪੜ੍ਹਦੇ ਸਨ ਭਾਵ ਲਗਭਗ ਪੰਜਾਹ ਸਾਲ ਤੋਂ ਵੱਧ ਸਮੇਂ ਤੱਕ ਪ੍ਰਤੀਦਿਨ ਬਿਨਾ ਨਾਗੇ ਦੇ ਤਹਜੁੱਦ ਦੀ ਵਿਵਸਥਾ ਕੀਤੀ ।

ਇਹਨਾ ਦੇ ਦੂਜੇ ਬੇਟੇ ਡਾਕਟਰ ਕੁਰੈਸ਼ੀ ਮੁਹਮੱਦ ਅਹਮਦ ਮਹਮੂਦ ਕਹਿੰਦੇ ਹਨ ਕਿ ਖ਼ਲੀਫ਼ਾ ਸਾਲਸ ਨੇ ਇਹਨਾ ਬਾਰੇ ਫ਼ਰਮਾਇਆ ਸੀ ਕਿ ਇਹ ਕੇਵਲ ਡਾਕਟਰ ਹੀ ਨਹੀਂ ਹਨ ਸਗੋਂ ਦੁਆਗੋ (ਹਮੇਸ਼ਾ ਦੁਆਵਾਂ ਕਰਨ ਵਾਲੇ) ਡਾਕਟਰ ਹਨ । ਹਰ ਮਰੀਜ਼ ਲਈ ਦੁਆ ਕਰਦੇ ਹਨ । ਹਰ ਪਰਚੀ ਉਪੱਰ ਦਵਾਈ ਲਿਖੱਣ ਤੋਂ ਪਹਿਲਾਂ ਬਿਸਮਿਲੱਾਹ ਹਿਰ ਰਹਮਾਨਿਰ ਰਹੀਮ ਲਿਖੱਦੇ ਅਤੇ ਫ਼ਿਰ ਹੋਵਸ਼ੱਾਫ਼ੀ ਲਿਖੱਦੇ ।

ਅਲੱਾਹ ਤਆਲਾ ਇਹਨਾ ਨਾਲ ਰਹਮਤ ਤੇ ਬਖ਼ਸ਼ਿਸ਼ ਦਾ ਸੁਲੂਕ ਕਰੇ । ਇਹਨਾ ਦੇ ਬੱਚਿਆਂ ਨੂੰ ਵੀ ਸਬਰ ਅਤੇ ਹੌਂਸਲਾ ਪ੍ਰਦਾਨ ਕਰੇ ਅਤੇ ਇਹਨਾ ਦੀਆਂ ਨੇਕੀਆਂ ਇਹਨਾ ਦੇ ਬੱਚਿਆਂ ਵਿੱਚ ਵੀ ਜਾਰੀ ਰੱਖੇ । ਇਹਨਾ ਦੀ ਮਾਂ ਜੀ ਵੀ ਬਹੁਤ ਬਿਮਾਰ ਹਨ ਅਲੱਾਹ ਤਆਲਾ ਇਹਨਾ'ਤੇ ਵੀ ਰਹਿਮ ਤੇ ਮਿਹਰ ਕਰੇ ।

**Khulasa Khutba Jumma 24.01.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131